# ਬੱਚਿਆਂ ਲਈ ਟੀਕਾਕਰਨ:

# ਇਸ ਤੋਂ ਨਾ ਖੁੰਝੋ!



## ਜਾਂਚ ਕਰੋ ਕਿ ਕੀ ਤੁਹਾਡੇ ਬੱਚੇ ਦੀਆਂ ਵੈਕਸੀਨਾਂ ਪੂਰੀਆਂ ਹਨ

ਵੈਕਸੀਨਾਂ ਜ਼ਿਆਦਾ ਪ੍ਰਭਾਵੀ ਹੁੰਦੀਆਂ ਹਨ ਜੇ ਉਹਨਾਂ ਨੂੰ ਸਹੀ ਸਮੇਂ ਦਿੱਤਾ ਜਾਵੇ ! ਯਕੀਨੀ ਬਣਾਉਣ ਲਈ ਕਿ ਤੁਹਾਡਾ ਬੱਚੇ ਦੀ ਉੱਤਮ ਢੰਗ ਨਾਲ ਸੁੱਰਖਿਆ ਕੀਤਾ ਜਾ ਰਹੀ ਹੈ, ਟੀਕਾਕਰਨ ਅਨੁਸੂਚੀ ਵਿੱਚ ਦਿੱਤੇ ਸਮੇਂ ਦੇ 5 ਬਿੰਦੂਆਂ ਵਿੱਚੋਂ ਹਰੇਕ ਲਈ ਮੁਲਾਕਾਤ ਬੁੱਕ ਕਰੋ।

ਜੇ ਤੁਹਾਡਾ ਬੱਚਾ ਸਿਫਾਰਸ਼ੀ ਉਮਰ ਤੋਂ ਵੱਡਾ ਹੈ, ਤਾਂ ਵੀ ਖੁੰਝ ਗਈਆਂ ਵੈਕਸੀਨਾਂ ਲਗਾਉਣ ਲਈ ਮੁਲਾਕਾਤ ਬੁੱਕ ਕਰੋ। ਸਿਹਤ ਪੇਸ਼ੇਵਰ ਤੁਹਾਡੀ ਮੁਲਾਕਾਤ ਦੌਰਾਨ ਸਲਾਹ ਪੇਸ਼ ਕਰ ਸਕਦਾ ਹੈ।

| ਵੈਕਸੀਨ | 2 ਮਹੀਨੇ ਦੀ ਉਮਰ | 4 ਮਹੀਨੇ ਦੀ ਉਮਰ | 12 ਮਹੀਨੇ ਦੀ ਉਮਰ | 18 ਮਹੀਨੇ ਦੀ ਉਮਰ | 4 ਤੋਂ 6 ਸਾਲ ਦੀ ਉਮਰ |
|---|---|---|---|---|---|
| ਡਿਫਥੈਰੀਆ -ਕਾਲੀ ਖੰਘ - ਹੈਪੇਟਾਈਟਿਸ ਬੀ-ਪੋਲੀਓ-ਐਚਆਈਬੀ | ● | ● | ● (ਬਿਨਾਂ ਹੈਪੇਟਾਈਟਿਸ ਬੀ ਦੇ) | | |
| ਨਿਊਮੋਕੋਕਕਸ | ● | ● | ● | | |
| ਰੋਟਾਵਾਇਰਸ | ● | ● | | | |
| ਮੀਨਿੰਗੀਟਿਸ ਸੀ | | | | ● | |
| ਮੀਜ਼ਲਸ-ਰੁਬੈਲਾ-ਮੰਮਪਸ-ਵੈਰੀਸੈਲਾ | | | ● | ● | |
| ਡਿਫਥੈਰੀਆ -ਕਾਲੀ ਖੰਘ - ਟੈਟਨਸ-ਪੋਲੀਓ | | | | | ● |
| ਹੈਪੇਟਾਈਟਿਸ ਏ-ਹੈਪੇਟਾਈਟਸ ਬੀ | | | | ● | |

ਸ੍ਰੋਤ:MSSS 2021l. Québec ਟੀਕਾਕਰਨ ਪ੍ਰੋਟੋਕੋਲ (PIQ)।

## ਹੋਰ ਸਿਫਾਰਿਸ਼ ਕੀਤੀਆਂ ਵੈਕਸੀਨਾਂ, ਸਿਹਤ ਸਥਿਤੀ ਉੱਤੇ ਨਿਰਭਰ ਹਨ



ਜੇ ਤੁਹਾਡੇ ਬੱਚੇ ਨੂੰ ਚਿਰਕਾਲੀ ਬਿਮਾਰੀ, ਦਿਲ ਦੀ ਬਿਮਾਰੀ ਜਾਂ ਇਮਿਊਨੋਸੁਪਰੈਸ਼ਨ ਹੈ, ਤਾਂ 6 ਮਹੀਨਿਆਂ ਦੀ ਉਮਰ ਤੋਂ ਹੀ ਕੋਵਿਡ19- ਅਤੇ ਫਲੂ ਵੈਕਸੀਨਾਂ ਲੈਣ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

ਵਧੇਰੇ ਜਾਣਕਾਰੀ ਲਈ → Québec.ca/COVIDvaccine | Québec.ca/vaccingrippe

Québec

## ਸੁਝਾਅ ਅਤੇ ਨੁਕਤੇ
### ਮੁਲਾਕਾਤ ਬੁੱਕ ਕਰਨ ਦੇ

- ਆਪਣੇ ਬੱਚੇ ਦੀ ਟੀਕਾਕਰਨ ਬੁੱਕਲੈੱਟ ਨੂੰ ਉਸਦੀ ਹਰੇਕ ਮੈਡੀਕਲ ਮੁਲਾਕਾਤ ਉੱਤੇ ਲੈ ਕੇ ਆਓ ਸਿਹਤ ਪੇਸ਼ੇਵਰ ਜਾਂਚ ਕਰ ਸਦਾ ਹੈ ਕਿ ਕੀ ਤੁਹਾਡੇ ਬੱਚੇ ਦੀਆਂ ਵੈਕਸੀਨਾਂ ਪੂਰੀਆਂ ਹਨ।
- ਟੀਕਾਕਰਨ ਮੁਲਾਕਾਤ ਤੋਂ ਬਾਅਦ, ਅਗਲੀ CLSC ਵਿੱਚੋਂ ਜਾਣ ਦੋਂ ਪਹਿਲਾਂ, ਨਾਲ ਹੀ ਬੁੱਕ ਕਰ ਲਓ। ਯਕੀਨੀ ਬਣਾਓ ਕਿ ਤੁਸੀਂ ਇਸਨੂੰ ਆਪਣੇ ਨਿਜੀ ਏਜੰਡਾ ਵਿੱਚ ਸ਼ਾਮਿਲ ਕਰੋ।
- ਜੇ ਤੁਹਾਡੇ ਲਈ ਉਸੇ ਵੇਲੇ ਮੁਲਾਕਾਤ ਬੁੱਕ ਕਰਨਾ ਸੰਭਵ ਨਹੀਂ ਹੈ, ਤਾਂ ਆਪਣੇ ਏਜੰਡਾ ਵਿੱਚ ਸਿਫਾਰਿਸ਼ ਕੀਤੀ ਮਿਆਦ ਤੋਂ ਇੱਕ ਮਹੀਨਾ ਪਹਿਲਾਂ ਲਈ ਯਾਦਪੱਤਰ ਲਗਾਓ, ਤਾਂ ਕਿ ਤੁਸੀਂ CLSC ਨੂੰ ਕਾਲ ਕਰਨਾ ਨਾ ਭੁੱਲੋ।
- ਆਪਣੇ ਬੱਚੇ ਦੀ ਟੀਕਾਕਰਨ ਬੁੱਕਲੈੱਟ ਸੁਰੱਖਿਅਤ ਸਥਾਨ ਵਿੱਚ ਰੱਖੋ, ਜਿੱਥੇ ਤੁਸੀਂ ਇਸਨੂੰ ਆਸਾਨੀ ਨਾਲ ਲੱਭ ਸਕੋ ਜਦੋਂ ਤੁਹਾਨੂੰ ਲੋੜ ਪਵੇ। ਕੀ ਤੁਸੀਂ ਇਸਦੀ ਫੋਟੋ ਲੈ ਕੇ ਜਾਂ ਸਕੈਨ ਕਰਕੇ ਕਾਪੀ ਬਣਾਉਣ ਬਾਰੇ ਸੋਚਿਆ ਹੈ?

**ਆਪਣੇ ਨਜ਼ਦੀਕੀ CLSC ਵਿਖੇ ਮੁਲਾਕਾਤ ਬੁੱਕ ਕਰੋ।**




## ਆਪਣੇ ਬੱਚੇ ਦੀ ਟੀਕਾਕਰਨ ਬੁੱਕਲੈਟ ਦੀ
### ਕਿਵੇਂ ਜਾਂਚ ਕਰੀਏ

**1** ਤੁਹਾਡੇ ਬੱਚੇ ਦੀ ਟੀਕਾਕਰਨ ਬੁੱਕਲੈੱਟ ਵਿੱਚ ਉਮਰ ਦੇ ਅਧਾਰ ਉੱਤੇ ਸਿਫਾਰਿਸ਼ ਕੀਤੀ ਵੈਕਸੀਨ ਸਮੇਤ ਸਾਰਨੀ ਸ਼ਾਮਿਲ ਹੈ (ਉੱਪਰ ਨਮੂਨਾ ਦੇਖੋ)। ਬੁੱਕਲੈੱਟ ਨੂੰ ਫਿਰ ਹਰੇਕ ਬਿਮਾਰੀ ਲਈ ਭਾਗਾਂ ਵਿੱਚ ਵੰਡਿਆ ਗਿਆ ਹੈ ਜਿਸ ਲਈ ਵੈਕਸੀਨ ਦੀ ਸਿਫਾਰਿਸ਼ ਕੀਤੀ ਗਈ ਹੈ।

**2** ਵੱਖਰੇ ਭਾਗਾਂ ਵਿੱਚ ਵੈਕਸੀਨਾਂ ਨੂੰ ਟੀਕਾਕਰਨ ਬੁੱਕਲੈੱਟ ਵਿੱਚ ਵੈਕਸੀਨਾਂ ਨਾਲ, ਨਾਲ ਦੇ ਨਾਲ ਅਨੁਸੂਚੀ ਵਿੱਚ ਦਰਸਾਈਆਂ ਖੁਰਾਕਾਂ ਦੀ ਸੰਖਿਆ ਨਾਲ ਮੇਲ ਕਰੋ।

**3** ਜੇ ਤੁਹਾਨੂੰ ਪਤਾ ਲੱਗੇ ਕਿ ਤੁਹਾਡੇ ਬੱਚੇ ਦੀ ਉਮਰ ਗਰੁੱਪ ਲਈ ਉਸਦੀਆਂ ਸਿਫਾਰਿਸ਼ ਕੀਤੀਆਂ ਵੈਕਸੀਨਾਂ ਪੂਰੀਆਂ ਨਹੀਂ ਹਨ, ਤਾਂ ਆਪਣੇ ਕਰੀਬ CLSC ਵਿਖੇ ਮੁਲਾਕਾਤ ਬੁੱਕ ਕਰੋ।

ਜੇ ਤੁਹਾਡੇ ਬੱਚੇ ਦਾ ਟੀਕਾਕਰਨ Québec ਤੋਂ ਬਾਹਰ ਹੋਇਆ ਸੀ, ਤਾਂ ਸਿਹਤ ਪੇਸ਼ੇਵਰ ਨਾਲ ਗੱਲ ਕਰੋ। ਪੇਸ਼ੇਵਰ ਤੁਹਾਡੇ ਬੱਚੇ ਦੀ ਸੁਰੱਖਿਆ ਲਈ ਪੂਰੀਆਂ ਹੋਣ ਵਾਲੀਆਂ ਵੈਕਸੀਨਾਂ ਦੀ ਪਹਿਚਾਣ ਕਰ ਸਕਦਾ ਹੈ।

**!** ਜੇ ਤੁਹਾਡੇ ਬੱਚੇ ਦੀ ਟੀਕਾਕਰਨ ਬੁੱਕਲੈੱਟ ਗੁਆਚ ਗਈ ਹੈ, ਤੁਸੀਂ ਵੈਕਸੀਨਾਂ ਦੀ ਸੂਚੀ ਲਈ ਕਾਪੀ ਦੀ ਮੰਗ ਕਰ ਸਕਦੇ ਹੋ ਜੋ ਤੁਹਾਡੇ ਬੱਚੇ ਨੇ ਪਰ੍ਾਪਤ ਕੀਤੀਆਂ ਹਨ (ਆਨ ਲਾਈਨ ਨਿਰਦੇਸ਼ਾਂ ਤੱਕ ਪਹੁੰਚ ਕਰਨ ਲਈ QR ਕੋਡ ਸਕੈਨ ਕਰੋ)।



## ਪ੍ਰਸ਼ਨ ਅਤੇ ਸਹਾਇਤਾ

ਡਾਕਟਰ ਜਾਂ ਸਿਹਤ ਪੇਸ਼ੇਵਰ ਤੋਂ ਟੀਕਾਕਰਨ ਬਾਰੇ ਵਧੇਰੇ ਜਾਣਕਾਰੀ ਲਈ, 811 ਉੱਤੇ ਕਾਲ ਕਰੋ।

*Centre intégré universitaire de santé et de services sociaux du Centre-Sud-de-l'Île-de-Montréal*
Québec

ਨਵੰਬਰ 2022 I Direction régionale de santé publique du CIUSSS du Centre-Sud-de-l'Île-de-Montréal ਦੁਆਰਾ ਪੇਸ਼ ਕੀਤਾ।